# 7 DAY NSS CAMP

ਜਲੰਧਰ 5 ਜਨਵਰੀ, 2016
www.punjabijagran.com

## ਮੋਦੀ ਕਾਲਜ 'ਚ ਸੱਤ ਰੋਜ਼ਾ ਐਨਐਸਐਸ ਕੈਂਪ ਲਗਾਇਆ

**ਪੱਤਰ ਪ੍ਰੇਰਕ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਵਿਚ 'ਸਵੱਛ ਭਾਰਤ – ਸਵਸਥ ਭਾਰਤ' ਵਿਸ਼ੇ 'ਤੇ ਕਰਵਾਏ ਸੱਤ-ਰੋਜ਼ਾ ਵਿਸ਼ੇਸ਼ ਐਨ.ਐਸ.ਐਸ. ਕੈਂਪ ਦੌਰਾਨ ਜਿਥੇ ਵਿਦਿਆਰਥੀਆਂ ਅੰਦਰ ਹੱਥੀਂ ਕੰਮ ਕਰਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ, ਉਥੇ ਨਾਲ ਹੀ ਸਮਾਜ ਤੇ ਮਾਨਵਤਾ ਸਾਹਮਣੇ ਖੜ੍ਹੀਆਂ ਵੰਗਾਰਾਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਾਕੇ ਨਰੋਏ ਸਮਾਜ ਦੀ ਉਸਾਰੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਕਰਨ ਦਾ ਉਪਰਾਲਾ ਕੀਤਾ ਗਿਆ। ਕਾਲਜ ਦੇ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨੇ ਕੈਂਪ ਦਾ ਉਦਘਾਟਨ ਕਰਦਿਆਂ ਕੌਮੀ ਸੇਵਾ ਯੋਜਨਾ ਦੇ ਕੈਂਪਾਂ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ। ਇਸ ਕੈਂਪ ਦੌਰਾਨ ਟ੍ਰੈਫ਼ਿਕ ਸਿੱਖਿਆ ਸੈੱਲ, ਪਟਿਆਲਾ ਪੁਲਸ ਵਲੋਂ ਗੁਰਜਾਪ ਸਿੰਘ ਨੇ 'ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਅਤੇ ਸੜਕ ਸੁਰੱਖਿਆ' ਵਿਸ਼ੇ 'ਤੇ ਮਲਟੀਮੀਡੀਆ ਰਾਹੀਂ ਬਹੁਤ ਹੀ ਰੌਚਕ ਪੇਸ਼ਕਾਰੀ ਕੀਤੀ। ਇਸ ਮੌਕੇ ਏਐਸਆਈ ਗੁਰਮੁਖ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਸਰਕਾਰੀ ਰਜਿੰਦਰਾ ਮੈਡੀਕਲ ਕਾਲਜ ਦੇ ਬਲੱਡ ਬੈਂਕ ਤੋਂ ਆਏ ਸੁਖਵਿੰਦਰ ਸਿੰਘ ਨੇ ਖ਼ੂਨਦਾਨ ਕਰੋ ਵਿਸ਼ੇ 'ਤੇ ਇਕ ਪ੍ਰੇਰਣਾਦਾਇਕ ਭਾਸ਼ਣ ਦਿੱਤਾ। ਸਮਾਜ ਸੇਵਕ ਕਾਕਾ ਰਾਮ ਵਰਮਾ ਨੇ 'ਸੰਕਟਕਾਲੀਨ ਸਥਿਤੀਆਂ ਵਿਚ ਫਸਟ ਏਡ ਦਾ ਮਹੱਤਵ' ਵਿਸ਼ੇ 'ਤੇ ਭਾਸ਼ਣ ਦਿੱਤਾ। ਪ੍ਰੋ. ਗਣੇਸ਼ ਕੁਮਾਰ ਸੇਠੀ ਨੇ 'ਵਕਤ ਪ੍ਰਬੰਧਨ' ਵਿਸ਼ੇ ਉਪਰ ਬਹੁਤ ਹੀ ਭਾਵਪੂਰਤ ਪੇਸ਼ਕਾਰੀ ਦਿੱਤੀ। ਲੈਫ਼ਟੀਨੈਂਟ ਕਰਨਲ (ਸੇਵਾ ਮੁਕਤ) ਬਿਸ਼ਨ ਦਾਸ ਨੇ ਵਾਤਾਵਰਨ ਬਚਾਉਣ ਸਬੰਧੀ ਜਾਗਰੂਕ ਕੀਤਾ। ਪ੍ਰੋ. ਹਰਮੋਹਨ ਸ਼ਰਮਾ, ਪ੍ਰੋਗਰਾਮ ਅਫ਼ਸਰ ਦੀ ਅਗਵਾਈ ਵਿੱਚ ਲੱਗੇ ਇਸ ਕੈਂਪ ਵਿਚ ਕਾਲਜ ਦੇ ਅਧਿਆਪਕਾਂ ਪ੍ਰੋ. ਗਣੇਸ਼ ਸੇਠੀ ਤੇ ਪ੍ਰੋ. ਪਰਨਦੀਪ ਸਿੰਘ ਨੇ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਕਾਲਜ ਦੇ ਰਜਿਸਟਰਾਰ ਡਾ. ਹਰਚਰਨ ਸਿੰਘ ਨੇ ਵਿਦਵਾਨ ਵਕਤਾਵਾਂ ਲਈ ਧੰਨਵਾਦ ਦੇ ਸ਼ਬਦ ਕਹੇ।

ਪਟਿਆਲਾ ਬਾਣੀ
ਲੁਧਿਆਣਾ ,ਬੁੱਧਵਾਰ WEDNESDAY 6 JAN 2016

## ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਸੱਤ ਰੋਜ਼ਾ ਐੱਨ. ਐੱਸ. ਐੱਸ. ਕੈਂਪ ਆਯੋਜਿਤ

ਪਟਿਆਲਾ, 5 ਜਨਵਰੀ (ਜੋਸਨ)-ਮੁਲਤਾਨੀ ਮੱਲ ਮੋਦੀ ਕਾਲਜ ਵਿਚ 'ਸਵੱਛ ਭਾਰਤ-ਸਵਸਥ ਭਾਰਤ' ਥੀਮ ਉੱਪਰ ਆਯੋਜਿਤ ਕੀਤੇ ਸੱਤ-ਰੋਜ਼ਾ ਵਿਸ਼ੇਸ਼ ਐੱਨ. ਐੱਸ. ਐੱਸ. ਕੈਂਪ ਦੌਰਾਨ ਜਿਥੇ ਵਿਦਿਆਰਥੀਆਂ ਅੰਦਰ ਹੱਥੀਂ ਕੰਮ ਕਰਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ ਉਥੇ ਨਾਲ ਹੀ ਸਮਾਜ ਤੇ ਮਾਨਵਤਾ ਸਾਹਮਣੇ ਖੜ੍ਹੀਆਂ ਵੰਗਾਰਾਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਵਾ ਕੇ ਨਰੋਏ ਸਮਾਜ ਦੀ ਉਸਾਰੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਕਰਨ ਦਾ ਉਪਰਾਲਾ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕੈਂਪ ਦਾ ਉਦਘਾਟਨ ਕਰਦਿਆਂ ਕੌਮੀ ਸੇਵਾ ਯੋਜਨਾ ਦੇ ਕੈਂਪਾਂ ਦੀ ਅਹਿਮੀਅਤ ਬਾਰੇ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਅਤੇ ਚਰਿੱਤਰ ਨਿਰਮਾਣ ਕਰਨ ਵਿਚ ਅਜਿਹੇ ਕੈਂਪ ਵੱਡੀ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਅੰਦਰ ਸਮਾਜਿਕ ਤੇ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਕੈਂਪ ਦੌਰਾਨ ਟ੍ਰੈਫ਼ਿਕ ਸਿੱਖਿਆ ਸੈੱਲ, ਪੰਜਾਬ ਪੁਲਸ, ਪਟਿਆਲਾ ਵੱਲੋਂ ਗੁਰਜਾਪ ਸਿੰਘ ਨੇ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਅਤੇ ਸੜਕ ਸੁਰੱਖਿਆ ਵਿਸ਼ੇ ਉੱਪਰ ਮਲਟੀਮੀਡੀਆ ਰਾਹੀਂ ਬਹੁਤ ਹੀ ਰੌਚਕ ਪੇਸ਼ਕਾਰੀ ਕੀਤੀ। ਪ੍ਰੋ. ਹਰਮੋਹਨ ਸ਼ਰਮਾ ਪ੍ਰੋਗਰਾਮ ਅਫ਼ਸਰ ਦੀ ਅਗਵਾਈ ਵਿਚ ਲੱਗੇ ਇਸ ਕੈਂਪ ਵਿਚ ਕਾਲਜ ਦੇ ਅਧਿਆਪਕਾਂ ਪ੍ਰੋ. ਗਣੇਸ਼ ਸੇਠੀ ਤੇ ਪ੍ਰੋ. ਪਰਨਦੀਪ ਸਿੰਘ ਨੇ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਕਾਲਜ ਦੇ ਰਜਿਸਟਰਾਰ ਡਾ. ਹਰਚਰਨ ਸਿੰਘ ਨੇ ਵਿਦਵਾਨ ਬੁਲਾਰਿਆਂ ਲਈ ਧੰਨਵਾਦ ਦੇ ਸ਼ਬਦ ਕਹੇ।



ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਡਾ. ਖੁਸ਼ਵਿੰਦਰ। (ਸੁਖਵਿੰਦਰ)

htpatiala

patiala

TUESDAY, JANUARY 05, 2016
www.hindustantimes.com

**campusconnect**

A round-up of all that's happening in colleges, universities and institutions across the tricity

## SEVEN-DAY NSS CAMP INAUGURATED AT MM MODI COLLEGE

**PATIALA:** A seven-day NSS Camp is being held at MM Modi College on the theme 'Swachh Bharat-Swasth Bharat'. While inaugurating the camp on Monday, college principal, Khushvinder Kumar, laid stress upon the need to inculcate social and ethical values among the young boys and girls. He also applauded the contribution of NSS camps in playing an important role in facilitating character building and inculcating a patriotic spirit among the youngsters of the nation. ASI (traffic education cell) Gurjap Singh gave a multi-media presentation on road safety. He answered many queries of the participating volunteers. Programme coordinator Harmohan Sharma said that e-waste has become major threat for developing countries and he laid stress on the use of recycled electronic gadgets. College registrar Harcharan Singh, presented a vote of thanks to the guest and volunteers.

WEDNESDAY, JANUARY 06, 2016
www.hindustantimes.com




NSS volunteers cleaning the premises of MM Modi College as part of a seven-day special camp on 'Swachh Bharat, Swasth Bharat', in Patiala on Tuesday. BHARAT BHUSHAN/HT

**Daily Charhdikala, Patiala (Wednesday, 6 January, 2016 )**

# ਐਨ.ਐਸ.ਐਸ. ਕੈਂਪ ਦੌਰਾਨ ਵਿਦਿਆਰਥੀਆਂ ਨੂੰ 'ਸਵੱਛ ਭਾਰਤ-ਸਵਸਥ ਭਾਰਤ' ਪ੍ਰਤੀ ਜਾਗਰੂਕ ਕੀਤਾ

ਪਟਿਆਲਾ, 5 ਜਨਵਰੀ (ਪ੍ਰਵਾਸੀ/ਰੁਪਾਣਾ) : ਮੁਲਤਾਨੀ ਮੱਲ ਮੋਦੀ ਕਾਲਜ ਵਿਚ 'ਸਵੱਛ ਭਾਰਤ-ਸਵਸਥ ਭਾਰਤ' ਥੀਮ ਉੱਪਰ ਆਯੋਜਿਤ ਕੀਤੇ ਸੱਤ-ਰੋਜ਼ਾ ਵਿਸ਼ੇਸ਼ ਐਨ.ਐਸ.ਐਸ. ਕੈਂਪ ਦੌਰਾਨ ਜਿਥੇ ਵਿਦਿਆਰਥੀਆਂ ਅੰਦਰ ਹੱਥੀਂ ਕੰਮ ਕਰਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ। ਉਥੇ ਨਾਲ ਹੀ ਸਮਾਜ ਤੇ ਮਾਨਵਤਾ ਸਾਹਮਣੇ ਖੜ੍ਹੀਆਂ ਵੰਗਾਰਾਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਾਕੇ ਨਰੋਏ ਸਮਾਜ ਦੀ ਉਸਾਰੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਕਰਨ ਦਾ ਉਪਰਾਲਾ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕੈਂਪ ਦਾ ਉਦਘਾਟਨ ਕਰਦਿਆਂ ਕੌਮੀ ਸੇਵਾ ਯੋਜਨਾ ਦੇ ਕੈਂਪਾਂ ਦੀ ਅਹਿਮੀਅਤ ਬਾਰੇ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਅਤੇ ਚਰਿੱਤਰ ਨਿਰਮਾਣ ਕਰਨ ਵਿਚ ਅਜਿਹੇ ਕੈਂਪ ਵੱਡੀ ਭੂਮਿਕਾ ਨਿਭਾਉਂਦੇ ਹਨ। ਇਸ ਕੈਂਪ ਦੌਰਾਨ ਟ੍ਰੈਫ਼ਿਕ ਸਿੱਖਿਆ ਸੈੱਲ, ਪੰਜਾਬ ਪੁਲਿਸ, ਪਟਿਆਲਾ ਵੱਲੋਂ ਸ. ਗੁਰਜਾਪ ਸਿੰਘ ਨੇ 'ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਅਤੇ ਸੜਕ ਸੁਰੱਖਿਆ' ਵਿਸ਼ੇ ਉਪਰ ਮਲਟੀਮੀਡੀਆ ਰਾਹੀਂ ਬਹੁਤ ਹੀ ਰੌਚਕ ਪੇਸ਼ਕਾਰੀ ਕੀਤੀ। ਉਨ੍ਹਾਂ ਨੇ ਸੜਕ ਸੁਰੱਖਿਆ ਦੇ ਨਿਯਮਾਂ, ਟ੍ਰੈਫ਼ਿਕ ਨਾਲ ਸਬੰਧਤ ਚਿੰਨ੍ਹਾਂ ਅਤੇ ਸੜਕਾਂ ਉਪਰ ਚਲਦੇ ਸਮੇਂ ਧਿਆਨ ਰੱਖਣ ਯੋਗ ਸਾਵਧਾਨੀਆਂ ਬਾਰੇ ਬਹੁਤ ਹੀ ਖ਼ੂਬਸੂਰਤ ਕਾਵਿਕ ਅੰਦਾਜ਼ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸ. ਗੁਰਮੁਖ ਸਿੰਘ, ਏ.ਐਸ.ਆਈ. ਨੇ ਵੀ ਆਪਣੇ ਵਿਚਾਰ ਰੱਖੇ ਤੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸਰਕਾਰੀ ਰਜਿੰਦਰਾ ਮੈਡੀਕਲ ਕਾਲਜ, ਪਟਿਆਲਾ ਦੇ ਬਲੱਡ ਬੈਂਕ ਤੋਂ ਆਏ ਸ. ਸੁਖਵਿੰਦਰ ਸਿੰਘ ਨੇ 'ਖ਼ੂਨਦਾਨ ਕਰੋ' ਵਿਸ਼ੇ 'ਤੇ ਇੱਕ ਪ੍ਰੇਰਣਾਦਾਇਕ ਭਾਸ਼ਣ ਦਿੰਦਿਆਂ ਕਿਹਾ ਕਿ ਖ਼ੂਨਦਾਨ ਇਕ ਸਮਾਜਕ ਜ਼ਿੰਮੇਵਾਰੀ ਦੇ ਨਾਲ-ਨਾਲ ਮਹਾਨ ਮਾਨਵਤਾਵਾਦੀ ਕਾਰਜ ਵੀ ਹੈ। ਪ੍ਰਸਿੱਧ ਸਮਾਜ ਸੇਵਕ ਸ੍ਰੀ ਕਾਕਾ ਰਾਮ ਵਰਮਾ ਨੇ 'ਸੰਕਟਕਾਲੀਨ ਸਥਿਤੀਆਂ ਵਿਚ ਫਸਟ ਏਡ ਦਾ ਮਹੱਤਵ' ਵਿਸ਼ 'ਤੇ ਭਾਸ਼ਣ ਦਿੱਤਾ ਤੇ ਵਲੰਟੀਅਰਾਂ ਨੂੰ ਮਿਰਗੀ ਦਾ ਦੌਰਾ ਪੈਣ ਸਮੇਂ, ਦਿਲ ਦਾ ਦੌਰਾ ਪੈਣ ਉਪਰੰਤ ਤੇ ਸੜਕ ਹਾਦਸਿਆਂ ਵਿਚ ਜ਼ਖ਼ਮੀ ਹੋਏ ਵਿਅਕਤੀਆਂ ਦੀ ਜਾਨ ਬਚਾਉਣ ਲਈ ਮੁੱਢਲੀ ਸਹਾਇਤਾ ਦੇਣ ਦੇ ਬਹੁਤ ਹੀ ਅਹਿਮ ਗੁਰ ਸਮਝਾਏ। ਪ੍ਰੋ. ਗਣੇਸ਼ ਕੁਮਾਰ ਸੇਠੀ ਨੇ 'ਵਕਤ ਪ੍ਰਬੰਧਨ' ਵਿਸ਼ੇ ਉਪਰ ਬਹੁਤ ਹੀ ਭਾਵਪੂਰਤ ਪੇਸ਼ਕਾਰੀ ਦਿੱਤੀ ਅਤੇ ਵਲੰਟੀਅਰਾਂ ਨਾਲ ਸੰਵਾਦ ਰਚਾਇਆ। ਸਮਾਜਿਕ ਅਤੇ ਪਰਿਵਾਰਕ ਜੀਵਨ ਵਿਚੋਂ ਉਦਾਹਰਣਾਂ ਦੇ ਕੇ ਉਨ੍ਹਾਂ ਨੇ ਆਪਣੇ ਵਿਸ਼ੇ ਨੂੰ ਰੌਚਕ ਬਣਾਈ ਰੱਖਿਆ। ਲੈਫ਼ਟੀਨੈਂਟ ਕਰਨਲ (ਸੇਵਾ ਮੁਕਤ) ਬਿਸ਼ਨ ਦਾਸ ਨੇ 'ਵਾਤਾਵਰਨ ਅਤੇ ਮਨੁੱਖੀ ਜੀਵਨ' ਵਿਸ਼ੇ 'ਤੇ ਬੋਲਦਿਆਂ ਕੁਦਰਤੀ ਵਾਤਾਵਰਨ ਨੂੰ ਬਚਾਉਣ ਲਈ ਉਪਰਾਲੇ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਕਾਲਜ ਦੇ ਵਿਦਿਆਰਥੀ ਮਨੀਸ਼ ਸਿੰਘ ਨੇ 'ਨਸ਼ਿਆਂ ਤੋਂ ਕਿਵੇਂ ਬਚੀਏ' ਵਿਸ਼ੇ ਉਪਰ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਪ੍ਰੋ. ਹਰਮੋਹਨ ਸ਼ਰਮਾ, ਪ੍ਰੋਗਰਾਮ ਅਫ਼ਸਰ ਦੀ ਅਗਵਾਈ ਵਿੱਚ ਲੱਗੇ ਇਸ ਕੈਂਪ ਵਿਚ ਕਾਲਜ ਦੇ ਅਧਿਆਪਕਾਂ ਪ੍ਰੋ. ਗਣੇਸ਼ ਸੇਠੀ ਤੇ ਪ੍ਰੋ. ਪਰਨਦੀਪ ਸਿੰਘ ਨੇ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਕਾਲਜ ਦੇ ਰਜਿਸਟਰਾਰ ਡਾ. ਹਰਚਰਨ ਸਿੰਘ ਨੇ ਵਿਦਵਾਨ ਵਕਤਾਵਾਂ ਲਈ ਧੰਨਵਾਦ ਦੇ ਸ਼ਬਦ ਕਹੇ।



ਪੰਜਾਬੀ ਟ੍ਰਿਬਿਊਨ, ਮੰਗਲਵਾਰ, 5 ਜਨਵਰੀ 2016

# ਐਨਐਸਐਸ ਕੈਂਪ ਦੌਰਾਨ ਵਾਲੰਟੀਅਰਾਂ ਨੂੰ ਕੀਤਾ ਜਾਗਰੂਕ

**ਨਿੱਜੀ ਪੱਤਰ ਪ੍ਰੇਰਕ**
**ਪਟਿਆਲਾ, 4 ਜਨਵਰੀ**

ਮੁਲਤਾਨੀ ਮੱਲ ਮੋਦੀ ਕਾਲਜ ਵਿੱਚ 'ਸਵੱਛ ਭਾਰਤ-ਸਵਸਥ ਭਾਰਤ' ਵਿਸ਼ੇ 'ਤੇ ਕਰਵਾਏ ਗਏ ਸੱਤ-ਰੋਜ਼ਾ ਐੱਨ. ਐੱਸ.ਐੱਸ. ਕੈਂਪ ਦੌਰਾਨ ਜਿੱਥੇ ਵਿਦਿਆਰਥੀਆਂ ਵਿੱਚ ਹੱਥੀਂ ਕੰਮ ਕਰਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ, ਉੱਥੇ ਹੀ ਸਮਾਜ ਤੇ ਮਾਨਵਤਾ ਸਾਹਮਣੇ ਖੜ੍ਹੀਆਂ ਵੰਗਾਰਾਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਾ ਕੇ ਨਰੋਏ ਸਮਾਜ ਦੀ ਉਸਾਰੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਕਰਨ ਦਾ ਉਪਰਾਲਾ ਕੀਤਾ ਗਿਆ।

ਕਾਲਜ ਦੇ ਪ੍ਰਿੰਸੀਪਲ ਡਾ. ਖ਼ੁਸ਼ਵਿੰਦਰ ਕੁਮਾਰ ਨੇ ਕੈਂਪ ਦਾ ਉਦਘਾਟਨ ਕਰਦਿਆਂ ਕੌਮੀ ਸੇਵਾ ਯੋਜਨਾ ਦੇ ਕੈਂਪਾਂ ਦੀ ਅਹਿਮੀਅਤ ਬਾਰੇ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਅਤੇ ਚਰਿੱਤਰ ਨਿਰਮਾਣ ਵਿਚ ਅਜਿਹੇ ਕੈਂਪ ਵੱਡੀ ਭੂਮਿਕਾ ਨਿਭਾਉਂਦੇ ਹਨ। ਕੈਂਪ ਦੌਰਾਨ ਟ੍ਰੈਫ਼ਿਕ ਸਿੱਖਿਆ ਸੈੱਲ ਪੰਜਾਬ ਪੁਲੀਸ ਪਟਿਆਲਾ ਵੱਲੋਂ ਗੁਰਜਾਪ ਸਿੰਘ ਨੇ 'ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਅਤੇ ਸੜਕ ਸੁਰੱਖਿਆ' ਵਿਸ਼ੇ 'ਤੇ ਮਲਟੀਮੀਡੀਆ ਰਾਹੀਂ ਪੇਸ਼ਕਾਰੀ ਕੀਤੀ। ਸਰਕਾਰੀ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ ਦੇ ਬਲੱਡ ਬੈਂਕ ਤੋਂ ਆਏ ਸੁਖਵਿੰਦਰ ਸਿੰਘ ਨੇ ਕਿਹਾ ਕਿ ਖ਼ੂਨਦਾਨ ਮਹਾਨ ਦਾਨ ਹੈ। 18 ਤੋਂ 65 ਸਾਲ ਦੀ ਉਮਰ ਦਾ ਕੋਈ ਵੀ ਤੰਦਰੁਸਤ ਵਿਅਕਤੀ ਸਾਲ ਵਿੱਚ 4 ਵਾਰ ਖ਼ੂਨ ਦਾਨ ਕਰ ਸਕਦਾ ਹੈ। ਦੇਸ਼ ਭਰ ਵਿੱਚ ਚੱਲ ਰਹੀ ਸਵੱਛ ਭਾਰਤ ਮੁਹਿੰਮ ਤਹਿਤ ਕੈਂਪ ਦੇ ਵਾਲੰਟੀਅਰਾਂ ਨੇ ਕਾਲਜ ਕੈਂਪਸ ਦੀ ਸਫ਼ਾਈ ਕੀਤੀ। ਸਮਾਜ ਸੇਵਕ ਕਾਕਾ ਰਾਮ ਵਰਮਾ ਨੇ 'ਸੰਕਟਕਾਲੀਨ ਸਥਿਤੀਆਂ ਵਿੱਚ ਫਸਟ ਏਡ ਦਾ ਮਹੱਤਵ' ਵਿਸ਼ੇ 'ਤੇ ਭਾਸ਼ਣ ਦਿੱਤਾ ਤੇ ਵਾਲੰਟੀਅਰਾਂ ਨੂੰ ਮਿਰਗੀ ਦਾ ਦੌਰਾ ਪੈਣ ਸਮੇਂ, ਦਿਲ ਦਾ ਦੌਰਾ ਪੈਣ ਉਪਰੰਤ ਤੇ ਸੜਕ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਦੀ ਜਾਨ ਬਚਾਉਣ ਲਈ ਮੁੱਢਲੀ ਸਹਾਇਤਾ ਦੇਣ ਦੇ ਗੁਰ ਸਮਝਾਏ। ਕੈਂਪ ਵਿੱਚ ਕਾਲਜ ਦੇ ਅਧਿਆਪਕਾਂ ਪ੍ਰੋ. ਗਣੇਸ਼ ਸੇਠੀ ਤੇ ਪ੍ਰੋ. ਪਰਨਦੀਪ ਸਿੰਘ ਨੇ ਹਿੱਸਾ ਲਿਆ।

ਸਪੋਕਸਮੈਨ

ਮੰਗਲਵਾਰ, 5 ਜਨਵਰੀ, 2016

# ਮੋਦੀ ਕਾਲਜ 'ਚ ਲਗਾਇਆ ਸੱਤ ਰੋਜ਼ਾ ਐਨ.ਐਸ.ਐਸ ਕੈਂਪ

ਪਟਿਆਲਾ, 4 ਜਨਵਰੀ (ਧਰਮਿੰਦਰ ਪਾਲ ਸਿੰਘ) : ਮੁਲਤਾਨੀ ਮੱਲ ਮੋਦੀ ਕਾਲਜ ਵਿਚ 'ਸਵੱਛ ਭਾਰਤ - ਸਵਸਥ ਭਾਰਤ' ਥੀਮ ਉੱਪਰ ਆਯੋਜਿਤ ਕੀਤੇ ਸੱਤ-ਰੋਜ਼ਾ ਵਿਸ਼ੇਸ਼ ਐਨ.ਐਸ.ਐਸ. ਕੈਂਪ ਦੌਰਾਨ ਜਿਥੇ ਵਿਦਿਆਰਥੀਆਂ ਅੰਦਰ ਹੱਥੀਂ ਕੰਮ ਕਰਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ, ਉਥੇ ਨਾਲ ਹੀ ਸਮਾਜ ਤੇ ਮਾਨਵਤਾ ਸਾਹਮਣੇ ਖੜ੍ਹੀਆਂ ਵੰਗਾਰਾਂ ਪ੍ਰਤੀ ਨੌਜਾਵਾਨਾਂ ਨੂੰ ਜਾਗਰੂਕ ਕਰਾਕੇ ਨਰੋਏ ਸਮਾਜ ਦੀ ਉਸਾਰੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਕਰਨ ਦਾ ਉਪਰਾਲਾ ਕੀਤਾ ਗਿਆ।

ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕੈਂਪ ਦਾ ਉਦਘਾਟਨ ਕਰਦਿਆਂ ਕੌਮੀ ਸੇਵਾ ਯੋਜਨਾ ਦੇ ਕੈਂਪਾਂ ਦੀ ਅਹਿਮੀਅਤ ਬਾਰੇ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਅਤੇ ਚਰਿੱਤਰ ਨਿਰਮਾਣ ਕਰਨ ਵਿਚ ਅਜਿਹੇ ਕੈਂਪ ਵੱਡੀ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਅੰਦਰ ਸਮਾਜਕ ਤੇ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਦੀ ਲੋੜ ਤੇ ਵੀ ਜ਼ੋਰ ਦਿੱਤਾ। ਇਸ ਕੈਂਪ ਦੌਰਾਨ ਟ੍ਰੈਫ਼ਿਕ ਸਿੱਖਿਆ ਸੈੱਲ, ਪੰਜਾਬ ਪੁਲਿਸ, ਪਟਿਆਲਾ ਵੱਲੋਂ ਸ. ਗੁਰਜਾਪ ਸਿੰਘ ਨੇ ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਅਤੇ ਸੜਕ ਸੁਰੱਖਿਆ ਵਿਸ਼ੇ ਉਪਰ ਮਲਟੀਮੀਡੀਆ ਰਾਹੀਂ ਬਹੁਤ ਹੀ ਰੌਚਕ ਪੇਸ਼ਕਾਰੀ ਕੀਤੀ। ਉਨ੍ਹਾਂ ਨੇ ਸੜਕ ਸੁਰੱਖਿਆ ਦੇ ਨਿਯਮਾਂ, ਟ੍ਰੈਫ਼ਿਕ ਨਾਲ ਸੰਬੰਧਿਤ ਚਿੰਨ੍ਹਾਂ ਅਤੇ ਸੜਕਾਂ ਉਪਰ ਚਲਦੇ ਸਮੇਂ ਧਿਆਨ ਰੱਖਣ ਯੋਗ ਸਾਵਧਾਨੀਆਂ ਬਾਰੇ ਬਹੁਤ ਹੀ ਖ਼ੂਬਸੂਰਤ ਕਾਵਿਕ ਅੰਦਾਜ਼ ਵਿਚ ਆਪਣੇ ਵਿਚਾਰ ਪੇਸ਼ ਕੀਤੇ।



ਸਰਕਾਰੀ ਰਜਿੰਦਰਾ ਮੈਡੀਕਲ ਕਾਲਜ, ਪਟਿਆਲਾ ਦੇ ਬਲੱਡ ਬੈਂਕ ਤੋਂ ਆਏ ਸੁਖਵਿੰਦਰ ਸਿੰਘ ਨੇ 'ਖ਼ੂਨਦਾਨ ਕਰੋ' ਵਿਸ਼ੇ ਤੇ ਇੱਕ ਪ੍ਰੇਰਣਾਦਾਇਕ ਭਾਸ਼ਣ ਦਿੰਦਿਆਂ ਕਿਹਾ ਕਿ ਖ਼ੂਨਦਾਨ ਇਕ ਸਮਾਜਕ ਜ਼ਿੰਮੇਵਾਰੀ ਦੇ ਨਾਲ-ਨਾਲ ਮਹਾਨ ਮਾਨਵਤਾਵਾਦੀ ਕਾਰਜ ਵੀ ਹੈ। ਦੁਰਘਟਨਾਵਾਂ ਦੇ ਸ਼ਿਕਾਰ ਲੋਕਾਂ ਦੇ ਇਲਾਜ ਲਈ, ਦਿਲ ਅਤੇ ਦੂਜੇ ਅਪਰੇਸ਼ਨਾਂ ਦੌਰਾਨ, ਜਣੇਪੇ ਦੌਰਾਨ, ਅੱਗ ਦੇ ਝੁਲਸੇ ਮਰੀਜ਼ਾਂ ਦੇ ਇਲਾਜ ਸਮੇਂ, ਕੈਂਸਰ, ਡੇਂਗੂ, ਥੈਲੇਸੀਮੀਆਂ ਅਤੇ ਅਨੀਮੀਆ ਦੇ ਸ਼ਿਕਾਰ ਮਰੀਜ਼ਾਂ ਦੇ ਇਲਾਜ ਲਈ ਖ਼ੂਨ ਦੀ ਸਖ਼ਤ ਜ਼ਰੂਰਤ ਪੈਂਦੀ ਹੈ। ਪ੍ਰੋ. ਗਣੇਸ਼ ਕੁਮਾਰ ਸੇਠੀ ਨੇ 'ਵਕਤ ਪ੍ਰਬੰਧਨ' ਵਿਸ਼ੇ ਉਪਰ ਬਹੁਤ ਹੀ ਭਾਵਪੂਰਤ ਪੇਸ਼ਕਾਰੀ ਦਿੱਤੀ ਅਤੇ ਵਲੰਟੀਅਰਾਂ ਨਾਲ ਸੰਵਾਦ ਰਚਾਇਆ। ਸਮਾਜਿਕ ਅਤੇ ਪਰਿਵਾਰਕ ਜੀਵਨ ਵਿਚੋਂ ਉਦਾਹਰਣਾਂ ਦੇ ਕੇ ਉਨ੍ਹਾਂ ਨੇ ਆਪਣੇ ਵਿਸ਼ੇ ਨੂੰ ਰੌਚਕ ਬਣਾਈ ਰੱਖਿਆ। ਲੈਫ਼ਟੀਨੈਂਟ ਕਰਨਲ (ਸੇਵਾ ਮੁਕਤ) ਬਿਸ਼ਨ ਦਾਸ ਨੇ 'ਵਾਤਾਵਰਨ ਅਤੇ ਮਨੁੱਖੀ ਜੀਵਨ' ਵਿਸ਼ੇ ਤੇ ਬੋਲਦਿਆਂ ਕੁਦਰਤੀ ਵਾਤਾਵਰਣ ਨੂੰ ਬਚਾਉਣ ਲਈ ਉਪਰਾਲੇ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪਾਣੀ, ਮਿੱਟੀ ਤੇ ਹਵਾ ਦੇ ਪ੍ਰਦੂਸ਼ਣ ਦੇ ਬੁਰੇ ਪ੍ਰਭਾਵਾਂ ਤੋਂ ਵੀ ਜਾਣੂੰ ਕਰਵਾਇਆ। ਕਾਲਜ ਦੇ ਵਿਦਿਆਰਥੀ ਮਨੀਸ਼ ਸਿੰਘ ਨੇ 'ਨਸ਼ਿਆਂ ਤੋਂ ਕਿਵੇਂ ਬਚੀਏਂ' ਵਿਸ਼ੇ ਉਪਰ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ।

ਪ੍ਰੋ. ਹਰਮੋਹਨ ਸ਼ਰਮਾ, ਪ੍ਰੋਗਰਾਮ ਅਫ਼ਸਰ ਦੀ ਅਗਵਾਈ ਵਿੱਚ ਲੱਗੇ ਇਸ ਕੈਂਪ ਵਿਚ ਕਾਲਜ ਦੇ ਅਧਿਆਪਕਾਂ ਪ੍ਰੋ. ਗਣੇਸ਼ ਸੇਠੀ ਤੇ ਪ੍ਰੋ. ਪਰਨਦੀਪ ਸਿੰਘ ਨੇ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਕਾਲਜ ਦੇ ਰਜਿਸਟਰਾਰ ਡਾ. ਹਰਚਰਨ ਸਿੰਘ ਨੇ ਵਿਦਵਾਨ ਵਕਤਾਵਾਂ ਲਈ ਧੰਨਵਾਦ ਦੇ ਸ਼ਬਦ ਕਹੇ।

FRIDAY, JANUARY 08, 2016
www.hindustantimes.com
hindustantimes



Students with their trophies on the last day of a NSS camp held at MM Modi College in Patiala on Thursday. HT PHOTO

## 7-DAY NSS CAMP ENDS AT MM MODI COLLEGE

**PATIALA:** A 7-days NSS camp was held at MM Modi College. Punjabi University's NSS Coordinator Paramvir Singh was the chief guest at the event on Thurdsday. He appealed to the youth to come forward and join hands to eradicate the evils prevaling in the society and create awareness to combat deadly diseases like cancer. Students also visited Yadwindra Puran Bal Niketan, an orphanage in the city, and donated articles of daily use worth `4,100 to the needy inmates during the camp. Traffic in-charge, Patiala Pushpa Devi, sensitised the students about the dangers of careless usage of social media. She asked them to be careful while using social media.

ਜਲੰਧਰ 8 ਜਨਵਰੀ, 2016
www.punjabijagran.com



ਵਲੰਟੀਅਰਾਂ ਨੂੰ ਸਨਮਾਨ ਕਰਨ ਮੌਕੇ ਡਾ. ਪਰਮਵੀਰ ਸਿੰਘ, ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ,ਪ੍ਰੋ. ਬਲਵੀਰ ਸਿੰਘ, ਪ੍ਰੋ. ਗਣੇਸ਼ ਸੇਠੀ ਤੇ ਹੋਰ ਸਟਾਫ।

## ਮਨੀਸ਼ ਸਿੰਘ ਬਣੇ ਸਰਵੋਤਮ ਵਲੰਟੀਅਰ

**ਪੱਤਰ ਪ੍ਰੇਰਕ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ ਦੇ ਐਨ.ਐਸ.ਐਸ. ਵਿਭਾਗ ਵਲੋਂ ਚਲਾਏ ਜਾ ਰਹੇ ਸੱਤ-ਰੋਜ਼ਾ ਕੈਂਪ ਦਾ ਅੱਜ ਸਮਾਪਨ ਸਮਾਰੋਹ ਕਰਵਾਇਆ ਗਿਆ। ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਐਨ.ਐਸ.ਐਸ ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਨੇ ਕਿਹਾ ਕਿ ਕੌਮੀ ਸੇਵਾ ਯੋਜਨਾ ਤੇ ਕੈਂਪਾਂ ਦਾ ਮਕਸਦ ਵਿਦਿਆਰਥੀਆਂ ਅੰਦਰ ਉਚੇਰੀਆਂ ਮਾਨਵੀ ਅਤੇ ਸਮਾਜਿਕ ਕਦਰਾਂ ਕੀਮਤਾਂ ਪੈਦਾ ਕਰਨਾ ਹੈ। ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਵਲੋਂ ਕੀਤੇ ਕਾਰਜਾਂ ਅਤੇ ਉਨ੍ਹਾਂ ਵਲੋਂ ਸਮਾਜਿਕ ਚੇਤਨਤਾ ਗ੍ਰਹਿਣ ਕਰਨ ਪ੍ਰਤੀ ਦਿਖਾਏ ਉਤਸ਼ਾਹ ਦੀ ਵੀ ਪ੍ਰਸ਼ੰਸਾ ਕੀਤੀ। ਇਸ ਕੈਂਪ ਦੇ ਇੰਚਾਰਜ ਅਤੇ ਕਾਲਜ ਦੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋ. ਹਰਮੋਹਨ ਸ਼ਰਮਾ ਨੇ ਦੱਸਿਆ ਕਿ 'ਸਵੱਛ ਭਾਰਤ, ਸਵਸਥ ਭਾਰਤ' ਥੀਮ ਅਧੀਨ ਲਗਾਏ ਇਸ ਕੈਂਪ ਵਿਚ ਵਿਦਿਆਰਥੀਆਂ ਨੇ ਕਾਲਜ ਦੀ ਸਾਫ਼-ਸਫ਼ਾਈ ਕੀਤੀ। ਕਾਲਜ ਵਿਦਿਆਰਥੀ ਮਨੀਸ਼ ਸਿੰਘ ਨੂੰ ਕੈਂਪ ਦਾ ਸਰਵੋਤਮ ਵਲੰਟੀਅਰ ਐਲਾਨਿਆ ਗਿਆ। ਵਧੀਆ ਕਾਰਗੁਜ਼ਾਰੀ ਵਾਲੇ ਵਲੰਟੀਅਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ. ਬਲਵੀਰ ਸਿੰਘ ਅਤੇ ਪ੍ਰੋ. ਗਣੇਸ਼ ਸੇਠੀ ਨੇ ਮੰਚ ਸੰਚਾਲਨ ਦਾ ਕਾਰਜ ਬਾਖੂਬੀ ਨਿਭਾਇਆ।ਪ੍ਰੋ. ਹਰਮੋਹਨ ਸ਼ਰਮਾ ਨੇ ਧੰਨਵਾਦ ਦੇ ਸ਼ਬਦ ਕਹੇ।

दैनिक भास्कर

शुक्रवार 8 जनवरी, 2016

## मनीष सिंह बने बेस्ट वॉलंटियर



**पटियाला** | मुलतानी मल मोदी कॉलेज पटियाला के एनएसएस विभाग में चल रहा एनएनएस का कैंप समाप्त हो गया। पीयू के एनएसएस कोआर्डिनेटर डॉ. परमवीर सिंह ने कहाकि कैंप से छात्रों को बहुत कुछ सीखने को मिलता है। प्रिंसिपल डॉ. खुशिवंदर सिंह ने छात्रों के किए जा रहे काम को सराहा। प्रो. हरमोहन शर्मा ने बताया कि छात्रों ने कॉलेज की सफाई की। मनीष सिंह को बेस्ट वॉलंटियर से सम्मानित किया गया।

दैनिक सवेरा टाइम्स | जालंधर, शुक्रवार, जनवरी 8, 2016

# पी.यू. कैंपस में कन्वैंशन दौरान लगेगा कैंसर जांच शिविर





डा. परमवीर सिंह का स्वागत करते प्रिंसीपल खुशविंदर कुमार तथा (दाएं) कैंप दौरान उपस्थित स्कूल छात्र व गणमान्य। (राहुल)

पटियाला 7 जनवरी (बलविन्द्र) : मुल्तानी मल मोदी कालेज पटियाला के एन.एस.एस. विभाग द्वारा चलाए जा रहे 7 दिवसीय कैंप के विदायगी सैशन की अध्यक्षता करते पंजाबी यूनिवर्सिटी के एन.एस.एस. कोआर्डीनेटर डा. परमवीर सिंह ने कहा कि राष्ट्रीय सेवा योजना और कैंपों का उद्देश्य विद्यार्थियों में मानवीय और सामाजिक कदर कीमतें पैदा करना है। जिससे एक अच्छे समाज का निर्माण किया जा सके। उन्होंने नौजवानों से अपील की कि सामाजिक बुराइयों को दूर करने के साथ-साथ कैंसर जैसी भयानक बीमारी बारे जागरूकता फैलाकर कीमती जानें बचाएं। उन्होंने कहा कि अगर कैंसर की बीमारी का शुरू में पता लग जाए तो इसका इलाज संभव है। इस संबंधित उन्होंने कुलवंत सिंह धालीवाल द्वारा बनाई समाजसेवी संस्था रोको कैंसर चैरीटेबल ट्रस्ट की प्रशंसा करते जानकारी दी कि 19 जनवरी को पंजाबी यूनिवर्सिटी कैंपस में होने वाली यूथ कन्वैंशन पर संस्था द्वारा मोबाइल वैन में विद्यार्थियों, अध्यापकों और आम लोगों के रक्त के कैंसर के लिए जांच की जाएगी। विद्यार्थियों द्वारा जरूरतमंद बच्चों के लिए लगभग 41007 रुपए का जरूरी समान अनाथालय भेजा गया।

शुक्रवार, 8 जनवरी 2016 दैनिक जागरण

# कैंप पैदा करते हैं मान-सम्मान की भावना

जेएनएन, पटियाला : मुलतानी मल मोदी कॉलेज के एनएसएस विभाग द्वारा चलाए जा रहे विशेष कैंप की विदाइगी सेशन की अध्यक्षता यूनिवर्सिटी के को-ऑर्डिनेटर डॉ. परमवीर सिंह ने की। उन्होंने कहा कि राष्ट्रीय सेवा योजना और कैंपों का उद्देश्य विद्यार्थी में मान-सम्मान की भावना को पैदा करना है, ताकि अच्छे समाज का निर्माण किया जा सके। उन्होंने कहा कि समाजिक बुराइयों को दूर करने के साथ कैंसर जैसी भयानक बीमारी के बारे में लोगों में जागरुकता पैदा कर कीमती जानों को बचाना समय की बड़ी जरूरत है। कॉलेज प्रिंसिपल डॉ. खुशविंदर कुमार ने मुख्यातिथि का स्वागत किया। साथ ही विद्यार्थियों द्वारा कार्यों और उनके द्वारा समाजिक चेतना ग्रहण करने प्रति दिखाए उत्साह की प्रशंसा भी की।




पटियाला के मोदी कॉलेज में विद्यार्थियों को सम्मानित करते सदस्य।

CHANDIGARH Tribune
CHANDIGARH | FRIDAY | 8 JANUARY 2016

# Seven-day NSS camps end

TRIBUNE NEWS SERVICE

PATIALA, JANUARY 7

Presiding over the valedictory function of a seven-day NSS camp at MM Modi College, Dr Paramvir Singh, NSS coordinator, Punjabi University, said the aim of the NSS camps was to inculcate human and social values among the youth so that better and healthy society could be generated.

He applauded the efforts of British National Kulwant Singh Dhaliwal, who is running the "Roko Cancer Charitable Trust" and doing a yeoman's service to eradicate cancer.

Dr Paramvir said students and teachers of Punjabi University would be examined in a mobile van equipped with latest equipment worth Rs 8 crore on the occasion of the youth convention scheduled to be held on January 19, 2016.

Welcoming the chief guest, college principal Dr Khushvinder Kumar appreciated the enthusiasm students exhibited towards being socially aware.

Meanwhile, another seven-day NSS camp of the Government Bikram College of Commerce, Patiala, concluded on the college campus.

College principal Satinder Kaur lauded the efforts of three programme officers - Dr Kusum Bansal, Dr Vanita Garg and Prof Ram Kumar - for their contribution to the completion of the camp.

Dr Paramvir Singh gave away the prizes to the winners. As many as 185 volunteers took part in the camp.




A girl performs classical dance during the valedictory function of the seven-day NSS camp at MM Modi College in Patiala on Thursday. TRIBUNE PHOTO: RAJESH SACHAR

ਸੱਚ ਕਹੂੰ ਸਰਸਾ, ਸ਼ੁੱਕਰਵਾਰ, 8 ਜਨਵਰੀ 2016

# ਮੁਲਤਾਨੀ ਮੱਲ ਮੋਦੀ ਕਾਲਜ ਦੇ ਐੱਨਐੱਸਐੱਸ ਵਿਸ਼ੇਸ਼ ਕੈਂਪ ਦਾ ਵਿਦਾਇਗੀ ਸੈਸ਼ਨ ਕਰਵਾਇਆ

ਪਟਿਆਲਾ, ਜਗਤਾਰ ਸਿੰਘ

ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਐਨ.ਐਸ.ਐਸ. ਵਿਭਾਗ ਵੱਲੋਂ ਚਲਾਏ ਜਾ ਰਹੇ ਸੱਤ-ਰੋਜ਼ਾ ਵਿਸ਼ੇਸ਼ ਕੈਂਪ ਦੇ ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ.ਐਸ.ਐਸ.ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਨੇ ਕਿਹਾ ਕਿ ਕੌਮੀ ਸੇਵਾ ਯੋਜਨਾ ਤੇ ਕੈਂਪਾਂ ਦਾ ਉਦੇਸ਼ ਵਿਦਿਆਰਥੀਆਂ ਅੰਦਰ ਉਚੇਰੀਆਂ ਮਾਨਵੀ ਅਤੇ ਸਮਾਜਿਕ ਕਦਰਾਂ ਕੀਮਤਾਂ ਪੈਦਾ ਕਰਨਾ ਹੈ ਤਾਂ ਕਿ ਨਰੋਏ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਹੋਰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਦੇ ਨਾਲ-ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਬਾਰੇ ਜਾਗਰੂਕਤਾ



ਪਟਿਆਲਾ : ਐਨਐਸਐਸ ਕੈਂਪ ਦੌਰਾਨ ਸਾਂਝੀ ਫੋਟੋ ਖਿਚਵਾਉਂਦੇ ਹੋਏ ਅਧਿਆਪਕ ਤੇ ਵਿਦਿਆਰਥੀ। **ਤਸਵੀਰ : ਜਗਤਾਰ ਸਿੰਘ**

ਫੈਲਾ ਕੇ ਕੀਮਤੀ ਜਾਨਾਂ ਨੂੰ ਬਚਾਉਣਾ ਸਮੇਂ ਦੀ ਵੱਡੀ ਲੋੜ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਵੱਲੋਂ ਕੀਤੇ ਕਾਰਜਾਂ ਅਤੇ ਉਨ੍ਹਾਂ ਵੱਲੋਂ ਸਮਾਜਿਕ ਚੇਤਨਤਾ ਗ੍ਰਹਿਣ ਕਰਨ ਪ੍ਰਤੀ ਦਿਖਾਏ ਉਤਸ਼ਾਹ ਦੀ ਵੀ ਪ੍ਰਸੰਸਾਂ ਕੀਤੀ। ਇਸ ਕੈਂਪ ਦੇ ਇੰਚਾਰਜ ਤੇ ਕਾਲਜ ਦੇ ਐਨ. ਐਸ. ਐਸ. ਪ੍ਰੋਗਰਾਮ ਅਫ਼ਸਰ ਪ੍ਰੋ. ਹਰਮੋਹਨ ਸ਼ਰਮਾ ਨੇ ਦੱਸਿਆ ਕਿ 'ਸਵੱਛ ਭਾਰਤ ਸਵਸਥ ਭਾਰਤ' ਥੀਮ ਅਧੀਨ ਲਗਾਏ ਇਸ ਕੈਂਪ 'ਚ ਜਿੱਥੇ ਵਿਦਿਆਰਥੀਆਂ ਨੇ ਆਪਣੇ ਹੱਥੀ- ਕਾਲਜ ਦੀ ਸਾਫ਼-ਸਫ਼ਾਈ ਕੀਤੀ, ਉੱਥੇ ਸਮਾਜ ਦੇ ਵਿਭਿੰਨ ਵਰਗਾਂ ਦੀਆਂ ਮੁਸ਼ਕਿਲਾਂ ਨੂੰ ਸਮਝ ਕੇ ਉਨ੍ਹਾਂ ਦੀ ਮੱਦਦ ਦਾ ਉਪਰਾਲਾ ਵੀ ਕੀਤਾ। ਇਹ ਵਿਦਿਆਰਥੀ ਇੱਕ ਦਿਨ ਲਈ ਯਾਦਵਿੰਦਰਾ ਪੂਰਨ ਬਾਲ ਨਿਕੇਤਨ (ਯਤੀਮ ਖਾਨਾ), ਪਟਿਆਲਾ ਵਿਖੇ ਗਏ ਤੇ ਉਥੋਂ ਦੀਆਂ ਲੋੜਵੰਦ ਬੱਚੀਆਂ ਲਈ ਆਪਣੇ ਵੱਲੋਂ ਲਗਭਗ 4100 ਰੁਪਏ ਦਾ ਜ਼ਰੂਰੀ ਸਮਾਨ ਦੇ ਕੇ ਆਏ।

ਇਸ ਕੈਂਪ ਦੌਰਾਨ ਪਟਿਆਲਾ ਦੀ ਟ੍ਰੈਫਿਕ ਇੰਚਾਰਜ ਸ੍ਰੀਮਤੀ ਪੁਸ਼ਪਾ ਦੇਵੀ ਨੇ ਇੱਕ ਭਾਸ਼ਣ ਰਾਹੀਂ ਸੋਸ਼ਲ ਮੀਡੀਆ 'ਤੇ ਭੋਲੀਆਂ ਭਾਲੀਆਂ ਕੁੜੀਆਂ ਦੇ ਗੁਮਰਾਹ ਹੋਣ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਦੇ ਕੇ ਵਿਦਿਆਰਥਣਾਂ ਨੂੰ ਸੁਚੇਤ ਕੀਤਾ। ਇਸ ਮੌਕੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਆਏ ਡਾ. ਪਵਨ ਕੁਮਾਰ ਨੇ ਸ਼ਖ਼ਸੀਅਤ ਨਿਰਮਾਣ ਵਿਸ਼ੇ 'ਤੇ ਭਾਸ਼ਣ ਦਿੱਤਾ। ਕਾਲਜ ਦੇ ਪ੍ਰੋ. ਬਲਵੀਰ ਸਿੰਘ ਨੇ 'ਮੌਜੂਦਾ ਸਿੱਖਿਆ ਪ੍ਰਣਾਲੀ ਤੇ ਔਰਤ ਦੀ ਸਥਿਤੀ' ਵਿਸ਼ੇ 'ਤੇ ਵਿਚਾਰ ਪ੍ਰਗਟ ਕੀਤੇ। ਡਾ. ਅਜੀਤ ਕੁਮਾਰ ਨੇ ਡਿਜ਼ੀਟਲ ਇੰਡੀਆ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਸੂਚਨਾ ਤਕਨਾਲੋਜੀ ਦੇ ਖੇਤਰ 'ਚ ਆਈ ਕ੍ਰਾਂਤੀ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਡਾ. ਅਸ਼ਵਨੀ ਸ਼ਰਮਾ ਨੇ ਵਾਤਾਵਰਨ ਬਚਾਉਣ ਬਾਰੇ ਵਿਦਿਆਰਥੀਆਂ ਨੂੰ ਬਹੁਮੁੱਲੇ ਸੁਝਾਅ ਦਿੱਤੇ। ਕੈਂਪ ਦੇ ਵਿਦਾਇਗੀ ਸੈਸ਼ਨ ਦੌਰਾਨ ਬਹੁਤ ਹੀ ਰੋਚਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿੱਥੇ ਵਿਦਿਆਰਥੀਆਂ ਨੇ ਲੋਕ ਗੀਤ, ਗਜ਼ਲ, ਲੋਕ ਨਾਚ, ਕਲਾਸੀਕਲ ਨਾਚ ਤੇ ਮਿਮਕਰੀ ਦੀ ਪੇਸ਼ਕਾਰੀ ਦਿੱਤੀ। ਕਾਲਜ ਵਿਦਿਆਰਥੀ ਮਨੀਸ਼ ਸਿੰਘ ਨੂੰ ਕੈਂਪ ਦਾ ਸਰਵੋਤਮ ਵਲੰਟੀਅਰ ਐਲਾਨਿਆਂ ਗਿਆ। ਵਧੀਆ ਕਾਰਗੁਜ਼ਾਰੀ ਵਾਲੇ ਵਲੰਟੀਅਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ. ਬਲਵੀਰ ਸਿੰਘ ਤੇ ਪ੍ਰੋ. ਗਣੇਸ਼ ਸੇਠੀ ਨੇ ਮੰਚ ਸੰਚਾਲਨ ਦਾ ਕਾਰਜ ਬਾਖ਼ੂਬੀ ਨਿਭਾਇਆ। ਪ੍ਰੋ. ਹਰਮੋਹਨ ਸ਼ਰਮਾ ਨੇ ਧੰਨਵਾਦ ਦੇ ਸ਼ਬਦ ਕਹੇ।

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਸ਼ੁੱਕਰਵਾਰ, 8 ਜਨਵਰੀ 2016)

# ਮੋਦੀ ਕਾਲਜ ਵਿਖੇ 7 ਰੋਜ਼ਾ ਐਨ.ਐਸ.ਐਸ. ਕੈਂਪ ਸਮਾਪਤ




ਪਟਿਆਲਾ, 7 ਜਨਵਰੀ (ਚ.ਨ.ਸ.): ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਐਨ.ਐਸ.ਐਸ. ਵਿਭਾਗ ਵੱਲੋਂ ਚਲਾਏ ਜਾ ਰਹੇ ਸੱਤ-ਰੋਜ਼ਾ ਵਿਸ਼ੇਸ਼ ਕੈਂਪ ਦੇ ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ. ਐਸ. ਐਸ. ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਨੇ ਕਿਹਾ ਕਿ ਕੌਮੀ ਸੇਵਾ ਯੋਜਨਾ ਤੇ ਕੈਂਪਾਂ ਦਾ ਉਦੇਸ਼ ਵਿਦਿਆਰਥੀਆਂ ਅੰਦਰ ਉਚੇਰੀਆਂ ਮਾਨਵੀ ਅਤੇ ਸਮਾਜਿਕ ਕਦਰਾਂ ਕੀਮਤਾਂ ਪੈਦਾ ਕਰਨਾ ਹੈ ਤਾਂ ਕਿ ਨਰੋਏ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਹੋਰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਦੇ ਨਾਲ-ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਬਾਰੇ ਜਾਗਰੂਕਤਾ ਫੈਲਾ ਕੇ ਕੀਮਤੀ ਜਾਨਾਂ ਨੂੰ ਬਚਾਉਣਾ ਸਮੇਂ ਦੀ ਵੱਡੀ ਲੋੜ ਹੈ। ਇਸ ਸਬੰਧੀ ਉਨ੍ਹਾਂ ਨੇ ਬਰਤਾਨੀਆ ਵਿੱਚ ਰਹਿੰਦੇ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਬਣਾਈ ਸਮਾਜ ਸੇਵੀ ਸੰਸਥਾ 'ਰੋਕੋ ਕੈਂਸਰ ਚੈਰੀਟੇਬਲ ਟ੍ਰਸਟ' ਦੀ ਪ੍ਰਸੰਸਾ ਕਰਦਿਆਂ ਜਾਣਕਾਰੀ ਦਿੱਤੀ ਕਿ 19 ਜਨਵਰੀ, 2016 ਨੂੰ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਹੋਣ ਵਾਲੀ ਯੂਥ ਕਨਵੈਂਸ਼ਨ ਮੌਕੇ ਇਸ ਸੰਸਥਾ ਦੀ ਮੋਬਾਈਲ ਵੈਨ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਲੋਕਾਂ ਦੇ ਖੂਨ ਦੀ ਕੈਂਸਰ ਲਈ ਜਾਂਚ ਕੀਤੀ ਜਾਵੇਗੀ। ਕਾਲਜ ਦੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਵੱਲੋਂ ਕੀਤੇ ਕਾਰਜਾਂ ਅਤੇ ਉਨ੍ਹਾਂ ਵੱਲੋਂ ਸਮਾਜਿਕ ਚੇਤਨਤਾ ਗ੍ਰਹਿਣ ਕਰਨ ਪ੍ਰਤੀ ਦਿਖਾਏ ਉਤਸ਼ਾਹ ਦੀ ਵੀ ਪ੍ਰਸੰਸਾ ਕੀਤੀ।

ਇਸ ਕੈਂਪ ਦੇ ਇੰਚਾਰਜ ਅਤੇ ਕਾਲਜ ਦੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋ. ਹਰਮੋਹਨ ਸ਼ਰਮਾ ਨੇ ਦੱਸਿਆ ਕਿ 'ਸਵੱਛ ਭਾਰਤ - ਸਵਸਥ ਭਾਰਤ' ਥੀਮ ਅਧੀਨ ਲਗਾਏ ਇਸ ਕੈਂਪ ਵਿੱਚ ਜਿਥੇ ਵਿਦਿਆਰਥੀਆਂ ਨੇ ਆਪਣੇ ਹੱਥੀਂ ਕਾਲਜ ਦੀ ਸਾਫ਼-ਸਫ਼ਾਈ ਕੀਤੀ, ਉਥੇ ਸਮਾਜ ਦੇ ਵਿਭਿੰਨ ਵਰਗਾਂ ਦੀਆਂ ਮੁਸ਼ਕਲਾਂ ਨੂੰ ਸਮਝ ਕੇ ਉਨ੍ਹਾਂ ਦੀ ਮਦਦ ਦਾ ਉਪਰਾਲਾ ਵੀ ਕੀਤਾ। ਇਹ ਵਿਦਿਆਰਥੀ ਇੱਕ ਦਿਨ ਲਈ ਯਾਦਵਿੰਦਰਾ ਪੂਰਨ ਬਾਲ ਨਿਕੇਤਨ (ਯਤੀਮ ਖਾਨਾ), ਪਟਿਆਲਾ ਵਿਖੇ ਗਏ ਅਤੇ ਉਥੋਂ ਦੀਆਂ ਲੋੜਵੰਦ ਬੱਚੀਆਂ ਲਈ ਆਪਣੇ ਵੱਲੋਂ ਲਗਭਗ 4100 ਰੁਪਏ ਦਾ ਜ਼ਰੂਰੀ ਸਮਾਨ ਦੇ ਕੇ ਆਏ। ਇਸ ਕੈਂਪ ਦੌਰਾਨ ਪਟਿਆਲਾ ਦੀ ਟ੍ਰੈਫਿਕ ਇੰਚਾਰਜ ਸ੍ਰੀਮਤੀ ਪੁਸ਼ਪਾ ਦੇਵੀ ਨੇ ਇੱਕ ਭਾਸ਼ਣ ਰਾਹੀਂ ਸੋਸ਼ਲ ਮੀਡੀਆ ਤੇ ਭੋਲੀਆਂ ਭਾਲੀਆਂ ਕੁੜੀਆਂ ਦੇ ਗੁੰਮਰਾਹ ਹੋਣ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਦੇ ਕੇ ਵਿਦਿਆਰਥਣਾਂ ਨੂੰ ਸੁਚੇਤ ਕੀਤਾ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਆਏ ਡਾ. ਪਵਨ ਕੁਮਾਰ ਨੇ ਸ਼ਖ਼ਸੀਅਤ ਨਿਰਮਾਣ ਵਿਸ਼ੇ 'ਤੇ ਭਾਸ਼ਣ ਦਿੱਤਾ। ਕਾਲਜ ਦੇ ਪ੍ਰੋ. ਬਲਵੀਰ ਸਿੰਘ ਨੇ 'ਮੌਜੂਦਾ ਸਿੱਖਿਆ ਪ੍ਰਣਾਲੀ ਅਤੇ ਔਰਤ ਦੀ ਸਥਿਤੀ' ਵਿਸ਼ੇ 'ਤੇ ਵਿਚਾਰ ਪ੍ਰਗਟ ਕੀਤੇ। ਡਾ. ਅਜੀਤ ਕੁਮਾਰ ਨੇ ਡਿਜੀਟਲ ਇੰਡੀਆ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਆਈ ਕ੍ਰਾਂਤੀ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਡਾ. ਅਸ਼ਵਨੀ ਸ਼ਰਮਾ ਨੇ ਵਾਤਾਵਰਣ ਬਚਾਉਣ ਬਾਰੇ ਵਿਦਿਆਰਥੀਆਂ ਨੂੰ ਬਹੁਮੁੱਲੇ ਸੁਝਾਅ ਦਿੱਤੇ। ਕੈਂਪ ਦੇ ਵਿਦਾਇਗੀ ਸੈਸ਼ਨ ਦੌਰਾਨ ਬਹੁਤ ਹੀ ਰੌਚਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਥੇ ਵਿਦਿਆਰਥੀਆਂ ਨੇ ਲੋਕ ਗੀਤ, ਗਜ਼ਲ, ਲੋਕ ਨਾਚ, ਕਲਾਸੀਕਲ ਨਾਚ ਅਤੇ ਮਿਮਕਰੀ ਦੀ ਪੇਸ਼ਕਾਰੀ ਦਿੱਤੀ। ਕਾਲਜ ਵਿਦਿਆਰਥੀ ਮਨੀਸ਼ ਸਿੰਘ ਨੂੰ ਕੈਂਪ ਦਾ ਸਰਵੋਤਮ ਵਲੰਟੀਅਰ ਐਲਾਨਿਆ ਗਿਆ। ਵਧੀਆ ਕਾਰਗੁਜ਼ਾਰੀ ਵਾਲੇ ਵਲੰਟੀਅਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ. ਬਲਵੀਰ ਸਿੰਘ ਅਤੇ ਪ੍ਰੋ. ਗਣੇਸ਼ ਸੇਠੀ ਨੇ ਮੰਚ ਸੰਚਾਲਨ ਦਾ ਕਾਰਜ ਬਾਖੂਬੀ ਨਿਭਾਇਆ। ਪ੍ਰੋ. ਹਰਮੋਹਨ ਸ਼ਰਮਾ ਨੇ ਧੰਨਵਾਦ ਦੇ ਸ਼ਬਦ ਕਹੇ।